# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

ਵੱਲ: ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਮੀਮੋ ਨੰ: 9/5-2009/SSA/FTB/ 78836 ਮਿਤੀ,ਚੰਡੀਗੜ੍ਹ:7/12/09

**ਵਿਸ਼ਾ : ਸਾਲ 2010-11 ਲਈ ਸਰਵ ਸਿੱਖਿਆ ਅਭਿਆਨ ਅਥਾਰਿਟੀ ਨੂੰ ਸਪਲਾਈ ਕੀਤੀਆਂ ਜਾਣ ਵਾਲੀਆਂ ਕਿਤਾਬਾਂ ਬਾਰੇ।**

1.0 ਉਪਰੋਕਤ ਵਿਸ਼ੇ ਅਧੀਨ ਆਪ ਜੀ ਦੇ ਪੱਤਰ ਮਿਤੀ 30-11-2009 ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਾਲ 2010-11 ਲਈ ਸਪਲਾਈ ਕੀਤੀਆਂ ਜਾਣ ਵਾਲੀਆਂ ਪਾਠ ਅਤੇ ਅਭਿਆਸ ਪੁਸਤਕਾਂ ਦੀ ਮੰਗ ਸਬੰਧੀ ਜ਼ਿਲ੍ਹਾ-ਵਾਈਜ਼ ਅਤੇ ਪੁਸਤਕ-ਵਾਈਜ਼ ਆਰਜੀ ਅੰਕੜੇ ਆਪ ਜੀ ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ।

2.0 ਜਿੱਥੋਂ ਤੱਕ ਅਬੋਹਰ ਅਤੇ ਪਠਾਨਕੋਟ ਤਹਿਸੀਲਾਂ ਦੇ ਖੇਤਰੀ ਡਿੱਪੂਆਂ ਦਾ ਸੁਆਲ ਹੈ, ਇਹ ਪ੍ਰਬੰਧ ਪ.ਸ.ਸ.ਬੋਰਡ ਦਾ ਆਪਣਾ ਹੈ ਅਤੇ ਇਸ ਬਾਰੇ ਇਸ ਦਫ਼ਤਰ ਨੂੰ ਕੋਈ ਇਲਮ ਨਹੀਂ ਕਿ ਅਬੋਹਰ ਅਤੇ ਪਠਾਨਕੋਟ ਤਹਿਸੀਲਾਂ ਦੇ ਖੇਤਰੀ ਡਿੱਪੂਆਂ ਤੋਂ ਸਪਲਾਈ ਕਿਹੜੇ-2 ਖੇਤਰਾਂ ਨੂੰ ਹੁੰਦੀ ਹੈ।

3.0 ਇਸ ਲਈ ਆਪ ਜੇਕਰ ਜ਼ਰੂਰਤ ਮਹਿਸੂਸ ਕਰਦੇ ਹੋ ਤਾਂ ਜ਼ਿਲ੍ਹਾ-ਵਾਈਜ਼ ਸਕੂਲਾਂ ਦੀ ਸੂਚੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਅਤੇ (ਸੈ.ਸਿੱ.) ਦੇ ਦਫ਼ਤਰ ਤੋਂ ਨਿੱਜੀ ਤੌਰ 'ਤੇ ਜਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

4.0 ਇਹ ਆਪ ਜੀ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਹੈ ਜੀ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:-ਉਕਤ-

ਉਪਰੋਕਤ ਦਾ ਉਤਾਰਾ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਐ.ਸਿੱ.) ਅਤੇ (ਸੈ.ਸਿੱ.), ਨੂੰ ਇਸ ਦਫ਼ਤਰ ਦੀ ਵੈਬ-ਸਾਈਟ ssapunjab.org ਰਾਹੀਂ ਉਹਨਾਂ ਦੀ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**